# GLOBAL SIKH COUNCIL

International Voice of The Sikhs

GLOBAL SIKH COUNCIL
VOICE OF SIKHS WORLDWIDE

14ਨਵੰਬਰ 2019

## ਗਲੋਬਲ ਸਿੱਖ ਕਾਉਂਸਲ ਪ੍ਰੈਸ ਰਿਲੀਜ਼

### ਭਾਰਤ ਦੀ ਸਰਵ-ਉੱਚ ਅਦਾਲਤ ਵੱਲੋਂ ਸਿੱਖ ਧਰਮ ਬਾਰੇ ਦਰਸਾਈ ਗਈ ਅਗਿਆਨਤਾ

ਗਲੋਬਲ ਸਿੱਖ ਕਾਊਸਲ (ਜੀ ਐਸ ਸੀ) ਭਾਰਤ ਦੀ ਸਰਵ ਉੱਚ ਅਦਾਲਤ ਵੱਲੋਂ ੧੦ ਨਵੰਬਰ ੨੦੧੯ ਨੂੰ ਸੁਣਾਏ ਗਏ ਫੈਸਲੇ ਤੋਂ ਨਰਾਜ ਹੈ । ਇਹ ਫੈਸਲਾ ਗੰਭੀਰ ਰੂਪ ਵਿੱਚ ਕਮਜੋਰ ਤੇ ਰਾਜਨੀਤੀ ਤੋਂ ਪ੍ਰੇਰਿਤ ਹੈ । ਇਹ ਬਿਆਨ ਕਰਦਾ ਹੈ ਕਿ

- ਸਿੱਖ ਇੱਕ ਪੰਥ ਹੈ ।
- ਗੁਰੁ ਨਾਨਕ ਨੇ ਅਯੋਧਿਆ ਵਿੱਚ ਰਾਮ ਚੰਦਰ ਦੇ ਜਨਮ ਸਥਾਨ ਦੇ "ਦਰਸ਼ਨ"ਕੀਤੇ।
- ਗੁਰੁ ਨਾਨਕ ਨੂੰ "ਰੱਬ ਦੇ ਦਰਸ਼ਨ" ਹੋਏ ਜਿਸਨੇ ਉਹਨਾਂ ਨੂੰ ਰਾਮ ਚੰਦਰ ਦੇ ਜਨਮ ਸਥਾਨ ਦੇ ਦਰਸ਼ਨ ਕਰਨ ਲਈ ਤਿਆਰ ਕੀਤਾ ।
- ਗੁਰੁ ਤੇਗ ਬਹਾਦਰ ਅਤੇ ਗੁਰੁ ਗੋਬਿੰਦ ਸਿੰਘ ਜੀ ਨੇ ਅਯੋਧਿਆ ਵਿੱਚ ਰਾਮ ਚੰਦਰ ਦੇ ਜਨਮ ਸਥਾਨ ਦੇ "ਦਰਸ਼ਨ" ਕੀਤੇ ।

ਸਿੱਖ ਗੁਰੂਆਂ ਨੂੰ ਹਿੰਦੂ ਕਹਿ ਕੇ ਅਤੇ ਵਿਸ਼ਵ ਦੇ ਪੰਜਵੇਂ ਵੱਡੇ ਧਰਮ ਨੂੰ ਹਿੰਦੂ ਧਰਮ ਦੀ ਹੀ ਇੱਕ ਸੰਪਰਦਾ ਦੱਸ ਕੇ ਸੁਪਰੀਮ ਕੋਰਟ ਦੇ ਜੱਜਾਂ ਨੇ ਸਿੱਖ ਧਰਮ ਪ੍ਰਤੀ ਅਣਜਾਣਤਾ ਦਾ ਵਿਖਾਵਾ ਕੀਤਾ ਹੈ । ਸਿੱਖ ਧਰਮ ਦੇ ਇੱਕ ਰੱਬ ਵਿੱਚ ਵਿਸ਼ਵਾਸ਼, ਅਤੇ ਬਹੁਤੇ ਦੇਵੀ ਦੇਵਤਿਆਂ ਦੀ ਪੂਜਾ ਨਾ ਕਰਨ , ਸਭ ਮਨੁੱਖਾਂ ਦੀ ਬਰਾਬਰੀ ਅਤੇ ਕਿਸੇ ਵੀ ਜਾਤ ਪਾਤ ਪ੍ਰਣਾਲੀ ਦੇ ਨਾਂ ਹੋਣ ਦੇ ਸਿਧਾਂਤ ਤੇ ਜੇ ਸਰਸਰੀ ਨਜ਼ਰ ਵੀ ਮਾਰੀ ਹੁੰਦੀ ਤਾਂ, ਇਹ ਗਲਤ ਫੈਸਲਾ ਦੇਣ ਤੋਂ ਪਹਿਲਾਂ ਸਿੱਖ ਧਰਮ ਬਾਰੇ ਲੋੜੀਂਦੀ ਜਾਣਕਾਰੀ ਮਿਲ ਜਾਣੀ ਸੀ ।

ਭਾਰਤ ਦੀ ਸਰਵ ਉੱਚ ਅਦਾਲਤ ਨੇ ਵਿਵਾਦਿਤ ਅਯੋਧਿਆ ਬਾਬਰੀ ਮਸਜਿਦ ਦੀ ਜਗ੍ਹਾ ਹਿੰਦੂ ਭਾਈਚਾਰੇ ਨੂੰ ਦੇਣਾ ਮਨਜੂਰ ਕਰਕੇ,ਗੰਭੀਰ ਰੂਪ ਵਿੱਚ ਕਮਜੋਰ ਤੇ ਰਾਜਨੀਤੀ ਤੋਂ ਪ੍ਰੇਰਿਤ ਫੈਸਲਾ ਸੁਣਾਇਆ ਹੈ ।ਇੱਕ ਲੰਬੇ ਫੈਸਲੇ ਵਿੱਚ , ਅਦਾਲਤ ਨੇ ਸਵਿਕਾਰ ਕੀਤਾ ਹੈ ਕਿ ੧੯੯੨ ਵਿੱਚ ਮਸਜਿਦ ਨੂੰ ਢਾਹੁਣਾ ਗੈਰ ਕਾਨੂੰਨੀ ਸੀ, ਇਸੇ ਤਰ੍ਹਾਂ ੧੯੪੯ ਵਿੱਚ ਮਸਜਿਦ ਵਿੱਚ ਗੁਪਤ ਰੂਪ ਵਿੱਚ ਹਿੰਦੂ ਦੇਵਤਿਆਂ ਦੀਆਂ ਮੂਰਤੀਆਂ ਇਹ ਦਾਅਵਾ ਕਰਦੇ ਹੋਏ ਰੱਖਣਾ ਕਿ ਇਹ ਚਮਤਕਾਰੀ ਰੂਪ ਵਿੱਚ ਪ੍ਰਗਟ ਹੋਈਆਂ ਹਨ ਇਹ ਵੀ ਗੈਰ ਕਾਨੂੰਨੀ ਸੀ ਅਤੇ ਇਹ ਸਬੂਤ ਸੀ ਕਿ ਮਸਜਿਦ ਹਿੰਦੂ ਦੇਵਤੇ ਰਾਮ ਦੇ ਜਨਮ ਸਥਾਨ ਤੇ ਉਸਾਰੀ ਗਈ ਸੀ ।

ਆਪਣੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਫੈਸਲੇ ਵਿੱਚ , ਜਾਅਲੀ ਇਤਿਹਾਸ ਦੀ ਵਰਤੋਂ ਕਰਕੇ, ਸਿੱਖਾਂ ਨੂੰ ਫਸਾਉਣ ਲਈ ਬੇਚੈਨ ਪ੍ਰਤੀਤ ਹੋ ਰਹੇ ਸੀ, ਇਸ ਨਤੀਜੇ ਤੇ ਪਹੁੰਚਣ ਲਈ ਕਿ ਇਹ ਜਗ੍ਹਾ ਹਿੰਦੂ ਭਾਈਚਾਰੇ ਨੂੰ ਮਿਲਣੀ ਚਾਹੀਦੀ ਹੈ । ਬੇਸ਼ੱਕ ਗੁਰੁ ਨਾਨਕ ਸਾਹਿਬ ਅਤੇ ਹੋਰ ਗੁਰੁ ਸਾਹਿਬਾਨ ਸਿੱਖ ਧਰਮ ਦੇ ਪ੍ਰਚਾਰ ਲਈ ਅਯੋਧਿਆ ਗਏ। ਆਪਣੇ ੨੮੦੦੦ ਕਿਲੋਮੀਟਰ ਦੇ ਸਫਰ ਵਿੱਚ ਉਹ ਮੱਕਾ, ਗਇਆ ਅਤੇ ਪੁਰੀ, ਦੂਜੇ ਧਰਮਾਂ ਦੇ ਸੰਸਥਾਪਕਾਂ ਦੇ ਸਥਾਨਾਂ ਤੇ ਗਏ, ਇਸ ਲਈ ਨਹੀਂ ਕਿ ਉਹ ਮੁਸਲਮਾਨ, ਬੋਧੀ ਜਾਂ ਹਿੰਦੂ ਸਨ, ਬਲਕਿ ਪ੍ਰਮਾਤਮਾਂ ਦਾ ਸੁਨੇਹਾਂ ਅਤੇ ਮਨੁੱਖਤਾ ਦੀ ਬਰਾਬਰੀ ਦੇ ਸੰਦੇਸ਼ ਦਾ ਪ੍ਰਚਾਰ ਕਰਨ ਲਈ

**President:** Lady Singh (Dr Kanwaljit Kaur OBE)
Tel: +44 (0) 7716 497376
Email: kaursingh3@aol.com

**Secretary**: S Jagjit Singh LLB Hons Lon, CLP M'sia
Tel: +60 12 658 7456
Email:GSCsecretariat@yahoo.com

ਗਏ ।ਗੁਰੁ ਨਾਨਕ ਦੇਵ ਜੀ ਵੱਲੋਂ ਪ੍ਰਮਾਤਮਾਂ ਦੇ ਦਰਸ਼ਨ ਕਰਨ ਦਾ ਵਿਚਾਰ ਗਲਤ ਹੈ ਕਿਉਂਕਿ ਗੁਰੁ ਨਾਨਕ ਦੇ ਅਨੁਸਾਰ ਪ੍ਰਮਾਤਮਾਂ ਦਾ ਕੋਈ ਭੌਤਿਕ ਰੂਪ ਨਹੀਂ ਹੈ ।

ਸ਼ਰਵ ਉੱਚ ਅਦਾਲਤ ਦਾ ਫੈਸਲਾ ਰਾਜਨੀਤੀ ਤੋਂ ਪ੍ਰੇਰਿਤ ਹੈ ਕਿਉਂਕਿ ਇਹ ਫੈਸਲਾ ਗੁਰੁ ਨਾਨਕ ਦੇਵ ਜੀ ਦੇ ੫੫੦ਵੇਂ ਜਨਮ ਦਿਨ ਦੇ ਮੌਕੇ ਤੇ ਅਤੇ ਭਾਰਤ ਤੋਂ ਪਾਕਿਸਤਾਨ ਕਰਤਾਰਪੁਰ ਲਾਂਘੇ (ਗੁਰੁ ਜੀ ਦਾ ਸਥਾਨ ਜਿੱਥੇ ਉਹ ਜੋਤੀ ਜੋਤ ਸਮਾਏ) ਦੇ ਖੁੱਲਣ ਵਾਲੇ ਦਿਨ ਸੁਣਾਇਆ ਗਿਆ। ਕਰਤਾਰ ਪੁਰ ਸਾਹਿਬ ਗੁਰਦੁਆਰਾ ਅਤੇ ਉਸ ਦਾ ਆਲਾ ਦੁਆਲਾ ਬਹੁਤ ਖੁਲ ਦਿਲੀ ਨਾਲ ਪਾਕਿਸਤਾਨ ਸਰਕਾਰ ਵੱਲੋਂ ਮੁਰੰਮਤ ਕਰਾਇਆ ਗਿਆ ਹੈ ।ਇਸਨੂਮ ਸਿੱਖਾਂ ਅਤੇ ਮੁਸਲਮਾਨਾਂ ਦੀ ਦੋਸਤੀ ਵੱਜੋਂ ਦੇਖਿਆ ਜਾ ਰਿਹਾ ਹੈ ਅਤੇ ਬੀਜੇਪੀ ਲਈ ਇੱਕ ਖਤਰੇ ਵਜੋਂ ਦੇਖਿਆ ਜਾ ਰਿਹਾ ਹੈ , ਜੋ ਕਿ ਸਿੱਖਾਂ ਨੂੰ ਹਿੰਦੂ ਧਰਮ ਵਿੱਚ ਵਿਲੀਨ ਕਰਕੇ ਅਤੇ ਘੱਟ ਗਿਣਤੀਆਂ ਨੂੰ ਦਬਾ ਕੇ, ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਵਿੱਚ ਬਦਲਣ ਲਈ ਤੁਲਿਆ ਹੋਇਆ ਹੈ। ਇਹ ਬਹੁਤ ਸ਼ਰਮਨਾਕ ਹੈ ਕਿ ਸ਼੍ਰੀਮਾਨ ਮੋਦੀ ਨੇ ਸਿੱਖਾਂ ਅਤੇ ਮੁਸਲਮਾਨਾ ਵਿੱਚ ਬੇਵਿਸ਼ਵਾਸ਼ੀ ਤੇ ਸ਼ੱਕ ਪੈਦਾ ਕਰਨ ਲਈ ਸਰਵ ਉੱਚ ਅਦਾਲਤ ਨੂੰ ਵਰਤਿਆ ਹੈ ਜਦਕਿ ਉਸੇ ਸਮੇਂ ਸਿੱਖ ਧਰਮ ਦੇ ਮੈਂਬਰਾਂ ਨੂੰ ਹਿੰਦੂ ਪੰਥ ਵੱਲ ਨਿਵਿਆਇਆਂ ਹੈ

ਜੀ ਐਸ ਸੀ ਸਮੂਹ ਸਿੱਖਾਂ ਅਤੇ ਦੂਜੇ ਧਰਮਾਂ ਦੇ ਲੋਕਾਂ ਨੂੰ ਬੀਜੇਪੀ ਦੀਆਂ ਇਹਨਾਂ ਸਿਆਸੀ ਖੇਡਾਂ ਅਤੇ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਬਣਾਉਣ ਦੇ ਇਰਾਦੇ ਨੂੰ ਪੂਰਾ ਕਰਨ ਲਈ ਸਰਵ ਉੱਚ ਅਦਾਲਤ ਨੂੰ ਵਰਤੇ ਜਾਣ ਦੀ ਦੀ ਨਿਖੇਧੀ ਕਰਨ ਦੀ ਅਪੀਲ ਕਰਦੀ ਹੈ ।

ਲੇਡੀ ਸਿੰਘ ਡਾ.ਕੰਵਲਜੀਤ ਕੌਰ ਓ ਬੀ ਈ

ਪ੍ਰਧਾਨ ਗਲੋਬਲ ਸਿੱਖ

**President:** Lady Singh (Dr Kanwaljit Kaur OBE)
Tel: +44 (0) 7716 497376
Email: kaursingh3@aol.com

**Secretary**: S Jagjit Singh LLB Hons Lon, CLP M'sia
Tel: +60 12 658 7456
Email:GSCsecretariat@yahoo.com

# GLOBAL SIKH COUNCIL

International Voice of The Sikhs

**President:** Lady Singh (Dr Kanwaljit Kaur OBE)
Tel: +44 (0) 7716 497376
Email: kaursingh3@aol.com

**Secretary**: S Jagjit Singh LLB Hons Lon, CLP M'sia
Tel: +60 12 658 7456
Email:GSCsecretariat@yahoo.com

**Member Organizations From:**

Afghanistan Australia Bangladesh Bahrain Belgium Canada Dubai (UAE) France Germany Hong Kong India Indonesia Ireland Italy Kenya Malaysia Myanmar Nepal New Zealand Pakistan Portugal Spain Switzerland Thailand UK Uganda USA